# ਜੇ ਤੁਹਾਡਾ ਬੱਚਾ ਜਾਂ ਯੁਵਕ ਸੁਸਾਇਟੀ ਦੀ ਸੰਭਾਲ ਅਧੀਨ ਹੈ

ਕਈ ਵਾਰੀ ਬੱਚੇ ਅਤੇ ਯੁਵਕ ਆਪਣੇ ਪਰਿਵਾਰਿਕ ਘਰ ਵਿੱਚ ਨਹੀਂ ਰਹਿ ਸਕਦੇ। ਜਦੋਂ ਬੱਚਾ ਸੁਸਾਇਟੀ ਦੀ ਸੰਭਾਲ ਅਧੀਨ ਆ ਜਾਂਦਾ ਹੈ ਤਾਂ ਜਾਂ ਮਾਪਿਆਂ ਦੀ ਸਹਿਮਤੀ ਨਾਲ, ਆਪਣੀ ਮਰਜ਼ੀ ਦੇ ਆਧਾਰ 'ਤੇ ਜਾਂ ਅਦਾਲਤ ਦੇ ਹੁਕਮ ਦੁਆਰਾ ਸੰਭਾਲ ਵਿੱਚ ਆਉਂਦਾ ਹੈ।

ਹਰ ਕੋਸ਼ਿਸ ਕੀਤੀ ਜਾਂਦੀ ਹੈ ਕਿ ਬੱਚੇ ਨੂੰ ਘਰ ਦੇ ਮਾਹੌਲ ਅਨੁਸਾਰ ਬੱਚੇ ਦੇ ਨਸਲੀ, ਜਾਤੀ, ਸਭਿਆਚਾਕ ਅਤੇ ਧਾਰਮਕ ਪਿਛੋਕੜ ਨੂੰ ਮੁੱਖ ਰੱਖ ਕੇ ਸੰਭਾਲ ਪ੍ਰਦਾਨ ਕਰਨ ਵਾਲੇ ਘਰ ਵਿੱਚ ਰੱਖਿਆ ਜਾਵੇ। ਜਿੱਥੋਂ ਤੀਕ ਸੰਭਵ ਹੋਵੇ, ਸੁਸਾਇਟੀ ਦੀ ਪਰੰਪਰਾ ਹੈ ਕਿ ਬੱਚੇ ਜਾਂ ਯੁਵਕ ਨੂੰ ਵਿਸਤਰਤ ਪਰਿਵਾਰ ਜਾਂ ਸਾਕ ਸੰਬੰਧੀ ਨਾਲ ਰੱਖਿਆ ਜਾਵੇ। ਜਦੋਂ ਇੰਜ ਕਰਨਾ ਸੰਭਵ ਨਾ ਹੋਵੇ, ਤਾਂ ਫ਼ਾਸਟਰ ਮਾਪਿਆਂ ਵੱਲੋਂ ਸੰਭਾਲ ਕਰਨ ਨੂੰ ਤਰਜੀਹ ਦਿੱਤੀ ਜਾਂਦੀ ਹੈ। ਇੱਕੋ ਮਾਂ-ਪਿਓ ਦੇ ਬੱਚਿਆਂ ਨੂੰ ਇਕੱਠੇ ਰੱਖਣ ਨੂੰ ਸੁਸਾਇਟੀ ਪਹਿਲ ਦਿੰਦੀ ਹੈ।

ਚਾਇਲਡ ਵੈਲਫ਼ੇਅਰ ਵਰਕਰ ਤੁਹਾਡੇ ਨਾਲ ਮਿਲ ਕੇ ਬੱਚੇ ਦੀ ਸੰਭਾਲ ਦੀ ਯੋਜਨਾ ਬਣਾਵੇਗਾ। ਜੇ ਜੱਜ ਨੇ ਪਹੁੰਚ ਕਰਨ 'ਤੇ ਮਨਾਹੀ ਨਾ ਲਾਈ ਹੋਵੇ, ਤਾਂ ਮਾਪਿਆਂ ਅਤੇ ਸੰਭਾਲ ਅਧੀਨ ਬੱਚਿਆਂ ਜਾਂ ਯੁਵਕਾਂ ਵਿਚਕਾਰ ਬਾਕਾਇਦਾ ਮੁਲਾਕਾਤਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

ਸਾਡਾ ਮੁੱਖ ਉਦੇਸ਼ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇੱਕ ਦੂਜੇ ਨਾਲ ਮੁੜ ਕੇ ਜੋੜਨਾ ਹੈ; ਇਸ ਉਦੇਸ਼ ਦੀ ਪ੍ਰਾਪਤੀ ਲਈ ਤੁਹਾਡੇ ਨਾਲ ਮਿਲ ਕੇ ਸੇਵਾ ਦੀ ਯੋਜਨਾ ਬਣਾਈ ਜਾਂਦੀ ਹੈ। ਫ਼ਿਰ ਵੀ ਜੇ ਸਥਿਤੀ ਬਹੁਤ ਗੰਭੀਰ ਮੰਨੀ ਜਾਂਦੀ ਹੋਵੇ ਅਤੇ ਬੱਚਾ ਆਪਣੇ ਘਰ ਵਿੱਚ ਸੁਰੱਖਿਅਤ ਨਾ ਹੋਵੇ ਤਾਂ ਸਥਾਈ ਯੋਜਨਾ ਬਣਾਈ ਜਾਂਦੀ ਹੈ ਅਤੇ ਫ਼ੈਮਲੀ ਕੋਰਟ ਜੱਜ ਨੂੰ ਪੇਸ਼ ਕੀਤੀ ਜਾਂਦੀ ਹੈ।

# ਚਿਲਡਰਨਜ਼ ਏਡ ਸੁਸਾਇਟੀ ਆਫ਼ ਆਟਵਾ (CASO) ਤੋਂ ਕੀ ਭਾਵ ਹੈ?

ਚਿਲਡਰਨਜ਼ ਏਡ ਸੁਸਾਇਟੀ ਆਫ਼ ਆਟਵਾ **(CASO)** ਇੱਕ ਭਾਈਚਾਰਕ ਸੰਸਥਾ ਹੈ ਜਿਸ ਨੂੰ ਬੱਚਿਆਂ ਅਤੇ ਯੁਵਕਾਂ ਨੂੰ ਦੁਰਵਿਹਾਰ ਅਤੇ ਅਣਗਹਿਲੀ ਤੋਂ ਬਚਾਉਣ ਲਈ ਕਨੂੰਨੀ ਤੌਰ ਤੇ ਅਧਿਕਾਰ ਦਿੱਤਾ ਗਿਆ ਹੈ।

ਆਂਟੇਰੀਓ ਅੰਦਰ ਅਜਿਹੀਆਂ 47 ਏਜੰਸੀਆਂ ਵਿੱਚੋਂ ਅਸੀਂ ਇੱਕ ਏਜੰਸੀ ਹਾਂ ਜਿਹੜੀਆਂ ਬੱਚਿਆਂ ਨੂੰ ਸੁਰੱਖਿਅਤ ਰੱਖਦੀਆਂ ਹਨ, ਮਾਪਿਆਂ ਨੂੰ ਸਮਰਥਨ ਅਤੇ ਦੂਜੀਆਂ ਸੇਵਾਵਾਂ ਪਰਦਾਨ ਕਰਦੀਆਂ ਹਨ; ਅਤੇ ਜਦੋਂ ਜ਼ਰੂਰੀ ਹੋਵੇ, ਅਜਿਹੇ ਬੱਚਿਆਂ ਅਤੇ ਯੁਵਕਾਂ ਜਿਹੜੇ ਪਰਿਵਾਰਕ ਸਮੱਸਿਆਵਾਂ ਕਾਰਨ ਘਰ ਨਹੀਂ ਰਹਿ ਸਕਦੇ ਨੂੰ ਜ਼ਰੂਰੀ ਸੁਰੱਖਿਆ ਅਤੇ ਪਾਲਣ-ਪੋਸ਼ਣ ਮੁਹੱਈਆ ਕਰਦੀ ਹੈ।

ਹਫ਼ਤੇ ਦੇ ਸੱਤੇ ਦਿਨ, ਦਿਨ ਦੇ 24 ਘੰਟੇ ਅਸੀਂ ਸੇਵਾ ਮੁਹੱਈਆ ਕਰਦੇ ਹਾਂ। ਜਦੋਂ ਬੱਚਿਆਂ ਨੂੰ ਖ਼ਤਰਾ ਹੋਵੇ ਤਾਂ ਕੰਮ ਕਰਨ ਦੇ ਬਾਕਾਇਦਾ ਸਮੇਂ ਤੋਂ ਪਹਿਲਾਂ ਤੇ ਪਿੱਛੋਂ ਵੀ ਵਰਕਰਾਂ ਦੀ ਇੱਕ ਟੀਮ ਸਥਿਤੀਆਂ ਨਾਲ ਨਜਿੱਠਣ ਲਈ ਉਪਲਬਧ ਹੁੰਦੀ ਹੈ।

ਬਹੁਤੀਆਂ ਸੂਰਤਾਂ ਵਿੱਚ, ਅਸੀਂ ਬੱਚਿਆਂ ਨੂੰ ਉਦੋਂ ਵੀ ਸੁਰੱਖਿਆ ਦੇਣ ਦੇ ਯੋਗ ਹੁੰਦੇ ਹਾਂ ਜਦੋਂ ਉਹ ਆਪਣੇ ਘਰ ਰਹਿੰਦੇ ਹੋਣ।

ਇਹ ਯਕੀਨੀ ਬਣਾਉਣ ਵਾਸਤੇ ਕਿ ਬੱਚੇ ਅਤੇ ਯੁਵਕ ਸੁਰੱਖਿਅਤ ਰਹਿਣ, ਅਸੀਂ ਪਰਿਵਾਰਾਂ ਅਤੇ ਭਾਈਚਾਰੇ ਦੇ ਦੂਜੇ ਮੈਂਬਰਾਂ ਨਾਲ ਮਿਲ ਕੇ ਕੰਮ ਕਰਦੇ ਹਾਂ। ਕਈ ਵਾਰੀ, ਹਾਨੀ ਪਹੁੰਚਣ ਦਾ ਖ਼ਤਰਾ ਅਜਿਹਾ ਹੁੰਦਾ ਹੈ ਕਿ ਬੱਚੇ ਜਾਂ ਯੁਵਕ ਨੂੰ ਘਰ ਵਿੱਚ ਜਾਂ ਵਿਸਤਰਿਤ ਪਰਿਵਾਰ ਅੰਦਰ ਸੁਰੱਖਿਆ ਨਹੀਂ ਦਿੱਤੀ ਜਾ ਸਕਦੀ, ਅਤੇ ਕਿਸੇ ਰਿਸ਼ਤੇਦਾਰ ਕੋਲ ਫ਼ਾਸਟਰ ਹੋਮ ਵਿੱਚ ਰੱਖ ਕੇ ਆਰਜ਼ੀ ਸੰਭਾਲ ਮੁਹੱਈਆ ਕੀਤੀ ਜਾਂਦੀ ਹੈ।

ਜੇ ਬੱਚਾ ਸੁਸਾਇਟੀ ਦੀ ਸੰਭਾਲ ਅਧੀਨ ਹੋਵੇ ਤਾਂ ਹਰ ਯਤਨ ਕੀਤਾ ਜਾਂਦਾ ਹੈ ਕਿ ਜਦੋਂ ਵੀ ਸੰਭਵ ਹੋਵੇ ਬੱਚੇ/ਬੱਚੀ ਨੂੰ ਉਸ ਦੇ ਪਰਿਵਾਰ ਨਾਲ ਜੋੜ ਕੇ ਸੰਭਾਲ ਕੀਤੀ ਜਾਵੇ। ਬੱਚੇ ਜਾਂ ਯੁਵਕ ਦੀ ਸੰਭਾਲ ਦੌਰਾਨ, ਅਸੀਂ ਉਸ ਦੇ ਵਾਧੇ ਤੇ ਵਿਕਾਸ ਲਈ ਸੱਭ ਤੋਂ ਉੱਤਮ ਸੰਭਵ ਮੌਕੇ ਮੁਹੱਈਆ ਕਰਦੇ ਹਾਂ।

ਅਸੀਂ ਸੇਵਾਵਾਂ ਇਸ ਤਰ੍ਹਾਂ ਮੁਹੱਈਆ ਕਰਨ ਦਾ ਯਤਨ ਕਰਦੇ ਹਾਂ ਜਿਸ ਨਾਲ ਨਸਲੀ, ਧਾਰਮਕ, ਆਤਮਕ, ਲਿੰਗੀ ਝੁਕਾਵਾਂ, ਯੋਗਤਾਵਾਂ, ਭਾਸ਼ਾਈ, ਅਤੇ ਸਭਿਆਚਾਰਕ ਵਖਰੇਵਿਆਂ ਦਾ ਆਦਰ ਹੁੰਦਾ ਹੋਵੇ।

ਆਂਟੇਰੀਓ ਅੰਦਰ ਚਿਲਡਰਨਜ਼ ਏਡ ਸੁਸਾਇਟੀਆਂ ਕੋਲ, ਜਿਥੇ ਵੀ ਲੋੜ ਪਵੇ, ਬੱਚਿਆਂ ਨੂੰ ਦੁਰਵਿਹਾਰ ਅਤੇ ਅਣਗਹਿਲੀ ਤੋਂ ਬਚਾਉਣ ਲਈ ਕਨੂੰਨੀ ਅਧਿਕਾਰ ਹੁੰਦਾ ਹੈ। ਅਜਿਹੇ ਬੱਚਿਆਂ ਅਤੇ ਯੁਵਕਾਂ, ਜਿੰਨ੍ਹਾਂ ਨੂੰ ਸੁਰੱਖਿਆ ਦੀ ਲੋੜ ਹੁੰਦੀ ਹੈ, ਉਨ੍ਹਾਂ ਬਾਰੇ ਚਿਲਡਰਨਜ਼ ਏਡ ਸੁਸਾਇਟੀ ਆਫ਼ ਆਟਵਾ ਹਫ਼ਤੇ ਦੇ ਸੱਤੇ ਦਿਨ, ਦਿਨ ਦੇ 24 ਘੰਟੇ (613-747-7800) 'ਤੇ ਰਿਪੋਰਟਾਂ ਹਾਸਲ ਕਰਦੀ ਹੈ।

ਜਦੋਂ ਵੀ 16 ਸਾਲ ਤੋਂ ਘੱਟ ਉਮਰ ਦੇ ਬੱਚੇ ਜਾਂ ਯੁਵਕ ਬਾਰੇ ਚਿੰਤਾ ਸਾਡੇ ਧਿਆਨ ਵਿੱਚ ਲਿਆਂਦੀ ਜਾਂਦੀ ਹੈ, ਅਸੀਂ ਤਾਂ ਹੀ ਅਜਿਹੇ ਪਰਿਵਾਰ ਵਿੱਚ ਦਖ਼ਲ-ਅੰਦਾਜ਼ੀ ਕਰਦੇ ਹਾਂ। ਇਹ ਸਰੋਕਾਰ, ਅਜਿਹੇ ਬੱਚੇ ਬਾਰੇ ਹੋ ਸਕਦੇ ਹਨ, ਜਿਸ ਨੂੰ ਹਾਨੀ ਪਹੁੰਚੀ ਹੋਵੇ ਜਾਂ ਹਾਨੀ ਪਹੁੰਚਣ ਦੇ ਖ਼ਤਰੇ ਦੀ ਸੰਭਾਵਨਾ ਹੋਵੇ ਤਾਂ ਅਜਿਹੇ ਬੱਚੇ ਨੂੰ ਬਚਾਉਣ ਵਾਸਤੇ ਅਗੇਤਰੀ ਦਖ਼ਲ-ਅੰਦਾਜ਼ੀ ਸੇਵਾਵਾਂ ਜ਼ਰੂਰੀ ਹੁੰਦੀਆਂ ਹਨ।

ਜਦੋਂ ਫੋਨ ਆਉਂਦਾ ਹੈ ਤਾਂ ਜਾਣਕਾਰੀ ਦੇ ਆਧਾਰ 'ਤੇ ਪਰੋਟੈਕਸ਼ਨ ਵਰਕਰ ਅਤੇ ਸੁਪਰਵਾਈਜ਼ਰ ਬੱਚੇ ਨੂੰ ਖ਼ਤਰੇ ਦਾ ਮੁਲਾਂਕਣ ਕਰਨਗੇ ਅਤੇ ਇਹ ਫੈਸਲਾ ਕਰਨਗੇ ਕਿ ਕਿੰਨੀ ਛੇਤੀ ਸਾਡੀ ਕਾਰਵਾਈ ਜ਼ਰੂਰੀ ਹੈ। ਸਰੋਕਾਰਾਂ ਦੀ ਜਾਂਚ-ਪੜਤਾਲ ਇਹ ਫੈਸਲਾ ਕਰਨ ਵਿੱਚ ਮਦਦ ਕਰੇਗੀ ਕਿ ਬੱਚੇ ਨੂੰ ਕਿਵੇਂ ਚੰਗੀ ਤਰ੍ਹਾਂ ਬਚਾਉਣਾ ਹੈ ਅਤੇ ਪਰਿਵਾਰ ਨੂੰ ਸਮਰਥਕ ਸੇਵਾਵਾਂ ਮੁਹੱਈਆ ਕਰਨੀਆਂ ਹਨ।

ਜੇ ਰਿਪੋਰਟ ਸੁਝਾਅ ਦਿੰਦੀ ਹੋਵੇ ਕਿ ਹਾਨੀ ਹੋਣ ਦਾ ਖ਼ਤਰਾ ਤੁਰਤ ਹੈ ਜਾਂ ਚੋਟ ਲੱਗੀ ਹੈ ਤਾਂ ਸੀ ਏ ਐਸ (CAS) ਪਰੋਟੈਕਸ਼ਨ ਵਰਕਰ 12 ਘੰਟੇ ਦੇ ਅੰਦਰ ਅੰਦਰ ਕਾਰਵਾਈ ਕਰੇਗਾ। ਬਾਕੀ ਦੂਜੀਆਂ ਸਥਿਤੀਆਂ ਵਿੱਚ, ਪਰੋਟੈਕਸ਼ਨ ਵਰਕਰ (7) ਦਿਨਾਂ ਅੰਦਰ ਅੰਦਰ ਅਜਿਹੇ ਘਰ ਪਹੁੰਚੇਗਾ।

ਇੱਕ ਵਾਰੀ ਦਖ਼ਲ-ਅੰਦਾਜ਼ੀ ਕਰਨ ਪਿੱਛੋਂ, ਸਰੋਕਾਰਾਂ ਜਾਂ ਅਜਿਹੀਆਂ ਸਮੱਸਿਆਵਾਂ ਜੋ ਪਰਿਵਾਰ ਅਨੁਭਵ ਕਰ ਰਿਹਾ ਹੋਵੇ, ਨੂੰ ਸੁਲਝਾਉਣ ਵਾਸਤੇ ਅਸੀਂ ਪਰਿਵਾਰ ਅਤੇ ਭਾਈਚਾਰਕ ਸੇਵਾਵਾਂ ਦੇ ਭਾਈਵਾਲਾਂ ਦੇ ਸਹਿਯੋਗ ਨਾਲ ਕੰਮ ਕਰਦੇ ਹਾਂ। ਜਦੋਂ ਲੋੜ ਹੋਵੇ, ਅਸੀਂ ਚਾਲੂ ਸੇਵਾਵਾਂ ਨੂੰ ਜਾਰੀ ਰੱਖਦੇ ਹਾਂ; ਬਹੁਤੀਆਂ ਸੂਰਤਾਂ ਵਿੱਚ ਸਵੈ-ਇਛੁੱਕ ਆਧਾਰ ਤੇ। ਗੰਭੀਰ ਸਥਿਤੀਆਂ ਵਿੱਚ ਸੇਵਾਵਾਂ ਅਦਾਲਤੀ ਹੁਕਮਾਂ ਅਧੀਨ ਮੁਹੱਈਆ ਕੀਤੀਆਂ ਜਾ ਸਕਦੀਆਂ ਹਨ।

ਪਰਿਵਾਰ ਜਾਂ ਬੱਚਾ ਸਾਡੇ ਨਾਲ ਸਿੱਧੇ  ਤੌਰ ਤੇ ਸੰਪਰਕ ਕਰ ਸਕਦਾ ਹੈ। ਕੋਈ ਰਿਸ਼ਤੇਦਾਰ, ਦੋਸਤ, ਅਧਿਆਪਕ, ਨਰਸ, ਡਾਕਟਰ ਜਾਂ ਦੂਜੇ ਪੇਸ਼ਾਵਰ ਵਿਅਕਤੀ ,ਜਦੋਂ ਵੀ ਉਨ੍ਹਾਂ ਨੂੰ ਬੱਚੇ ਜਾਂ ਯੁਵਕ ਦੀ ਸੁਰੱਖਿਆ ਅਤੇ ਭਲਾਈ ਬਾਰੇ ਚਿੰਤਾ ਹੋਵੇ, ਲਈ ਜ਼ਰੂਰੀ ਹੈ ਕਿ ਉਹ ਸਾਨੂੰ ਇਤਲਾਹ ਦੇਣ।

# ਦੁਰਵਿਹਾਰ ਦੀ ਰਿਪੋਰਟ ਕਦੋਂ ਕਰਨੀ ਚਾਹੀਦੀ ਹੈ?

ਬੱਚਿਆਂ ਦੀ ਭਲਾਈ ਸੰਬੰਧੀ ਸਾਡੇ ਸਾਰਿਆਂ ਦੀ ਜ਼ੁੰਮੇਵਾਰੀ ਬਣਦੀ ਹੈ। ਬੱਚਿਆਂ ਅਤੇ ਯੁਵਕਾਂ ਨੂੰ ਸੁਰੱਖਿਆ ਦੇਣ ਪ੍ਰਤੀ ਸਾਡੀ ਸਾਰਿਆਂ ਦੀ ਸਾਂਝੀ ਜ਼ੁੰਮੇਵਾਰੀ ਹੈ। ਇਸ ਜ਼ੁੰਮੇਵਾਰੀ ਅੰਦਰ ਅਜਿਹੀਆਂ ਸਥਿਤੀਆਂ ਸ਼ਾਮਲ ਹਨ ਜਿੰਨ੍ਹਾਂ ਵਿੱਚ ਆਪਣੇ ਘਰਾਂ ਅੰਦਰ ਹੀ ਬੱਚੇ ਅਤੇ ਯੁਵਕ ਦੁਰਵਿਹਾਰ ਅਤੇ ਅਣਗਹਿਲੀ ਸਹਿੰਦੇ ਹਨ। ਆਂਟੇਰੀਓ ਦਾ ਚਾਇਲਡ ਐਂਡ ਫ਼ੈਮਲੀ ਸਰਵਸਿਜ਼ ਐਕਟ (CFSA) ਇਨ੍ਹਾਂ ਬੱਚਿਆਂ ਲਈ ਸੁਰੱਖਿਆ ਮੁਹੱਈਆ ਕਰਦਾ ਹੈ।

**“ ਸੁਰੱਖਿਆ ਦਾ ਲੋੜਵੰਦ  ਬੱਚਾ ਜਾਂ ਯੁਵਕ “ ਕੌਣ ਹੁੰਦਾ ਹੈ?**

ਸੁਰੱਖਿਆ ਦਾ ਲੋੜਵੰਦ ਬੱਚਾ ਅਜਿਹਾ ਬੱਚਾ ਹੁੰਦਾ ਹੈ ਜਿਹੜਾ ਦੁਰਵਿਹਾਰ ਅਤੇ/ਜਾਂ ਅਣਗਹਿਲੀ ਦਾ ਸ਼ਿਕਾਰ ਹੋਵੇ ਜਾਂ ਇਸ ਤਰ੍ਹਾਂ ਪਰਤੀਤ ਹੁੰਦਾ ਹੋਵੇ ਕਿ ਉਹ ਸ਼ਿਕਾਰ ਹੈ।

**ਬੱਚੇ ਜਾਂ ਯੁਵਕ ਨੂੰ ਸੁਰੱਖਿਆ ਦੀ ਲੋੜ ਹੈ ਦੀ ਰਿਪੋਰਟ ਕਰਨੀ ਕਿਸ ਦੀ ਜ਼ੁੰਮੇਵਾਰੀ ਹੁੰਦੀ ਹੈ?**

ਜਿਸ ਕਿਸੇ ਨੂੰ ਵੀ ਵਾਜਬ ਆਧਾਰ ‘ਤੇ ਸ਼ੱਕ ਪੈਂਦਾ ਹੋਵੇ ਕਿ ਬੱਚੇ ਜਾਂ ਯੁਵਕ ਨੂੰ ਸੁਰੱਖਿਆ ਦੀ ਲੋੜ ਹੈ ਤਾਂ ਉਸ ਲਈ ਲਾਜ਼ਮੀ ਹੈ ਕਿ ਉਹ ਇਸ ਸ਼ੱਕ ਅਤੇ ਅਜਿਹੀ ਜਾਣਕਾਰੀ, ਜਿਸ ਉੱਤੇ ਸ਼ੱਕ ਆਧਾਰਤ ਹੋਵੇ, ਦੀ ਰਿਪੋਰਟ ਤੁਰਤ ਹੀ ਸਥਾਨਕ ਚਿਲਡਰਨਜ਼ ਏਡ ਸੁਸਾਇਟੀ (CAS) ਨੂੰ ਕਰੇ।

**ਬੱਚੇ ਦੇ ਦੁਰਵਿਹਾਰ ਜਾਂ ਅਣਗਹਿਲੀ ਦੇ  “ ਵਾਜਬ ਆਧਾਰ ” ਕੀ ਹੁੰਦੇ ਹਨ?**

ਸੀ ਏ ਐਸ (CAS) ਨੂੰ ਰਿਪੋਰਟ ਕਰਨ ਵਾਸਤੇ ਤੁਹਾਡੇ ਲਈ ਜ਼ਰੂਰੀ ਨਹੀਂ ਕਿ ਤੁਹਾਨੂੰ ਪੂਰੀ ਤਰ੍ਹਾਂ ਯਕੀਨ ਹੋਵੇ ਕਿ ਬੱਚੇ ਜਾਂ ਯੁਵਕ ਨੂੰ ਸੁਰੱਖਿਆ ਦੀ ਲੋੜ ਹੈ ਜਾਂ ਲੋੜ ਹੋ ਸਕਦੀ ਹੈ। “ ਵਾਜਬ ਆਧਾਰ ” ਅਜਿਹੀ ਜਾਣਕਾਰੀ ਨਾਲ ਸੰਬੰਧਤ ਹੁੰਦਾ ਹੈ ਜੋ ਸਾਧਾਰਨ ਅਤੇ ਇਮਾਨਦਾਰ ਨਿਰਣਾ ਕਰਦਿਆਂ ਹੋਇਆਂ ਇੱਕ ਸਾਧਾਰਨ ਵਿਅਕਤੀ ਵੱਲੋਂ ਰਿਪੋਰਟ ਕਰਨ ਦਾ ਫੈਸਲਾ ਕਰਨ ਲਈ ਲੋੜੀਂਦੀ ਹੈ।

**ਅਜਿਹੇ ਬੱਚਿਆਂ ਦੀ ਉਮਰ ਕਿੰਨੀ ਹੁੰਦੀ ਹੈ ਜਿਨ੍ਹਾਂ ਸੰਬੰਧੀ “ ਰਿਪੋਰਟ ਕਰਨ ਦਾ ਫ਼ਰਜ਼ ” ਲਾਗੂ ਹੁੰਦਾ ਹੈ?**

ਰਿਪੋਰਟ ਕਰਨ ਦਾ ਫ਼ਰਜ਼ ਅਜਿਹੇ ਬੱਚੇ ‘ਤੇ ਲਾਗੂ ਹੁੰਦਾ ਹੈ ਜਿਹੜਾ 16 ਸਾਲ ਤੋਂ ਘੱਟ ਉਮਰ ਦਾ ਹੋਵੇ ਜਾਂ 16 ਸਾਲ ਤੋਂ ਘੱਟ ਦਾ ਲੱਗਦਾ ਹੋਵੇ। ਇਹ ਅਜਿਹੇ ਬੱਚਿਆਂ ‘ਤੇ ਵੀ ਲਾਗੂ ਹੁੰਦਾ ਹੈ ਜੋ ਬੱਚਿਆਂ ਦੀ ਸੁਰੱਖਿਆ ਹੁਕਮ ਦੀ ਸ਼ਰਤ ਅਧੀਨ 16 ਅਤੇ 17 ਸਾਲ  ਦੇ ਹੋਣ।

**ਕੀ ਮੈਂ ਉੱਤਰ ਦੇਣ ਲਈ ਕਿਸੇ ਹੋਰ ਵਿਅਕਤੀ ਉੱਤੇ ਵੀ ਨਿਰਭਰ ਕਰ ਸਕਦਾ ਹਾਂ?**

ਨਹੀਂ। ਤੁਹਾਨੂੰ ਸਿੱਧੇ ਤੌਰ ਤੇ ਚਿਲਡਰਨਜ਼ ਏਡ ਸੁਸਾਇਟੀ ਨੂੰ ਰਿਪੋਰਟ ਕਰਨੀ ਪਵੇਗੀ। ਤੁਸੀਂ ਕਿਸੇ ਹੋਰ ਵਿਅਕਤੀ ‘ਤੇ ਨਿਰਭਰ ਨਹੀਂ ਕਰ ਸਕਦੇ ਕਿ ਤੁਹਾਡੀ ਤਰਫੋਂ ਕੋਈ ਹੋਰ ਰਿਪੋਰਟ ਕਰੇ।

# ਦੁਰਵਿਹਾਰ ਕੀ ਹੁੰਦਾ ਹੈ?

ਜਦੋਂ ਬੱਚੇ ਨੂੰ ਜਾਣ ਬੁੱਝ ਕੇ ਚੋਟ ਮਾਰੀ ਜਾਵੇ, ਜਾਂ ਜਦੋਂ ਮਾਪੇ ਜਾਂ ਸੰਭਾਲ ਪ੍ਰਦਾਨ ਕਰਨ ਵਾਲਾ ਆਪਣੀ ਸੰਭਾਲ ਅਧੀਨ ਬੱਚੇ ਦੀ ਸੁਰੱਖਿਆ ਨਾ ਕਰਦਾ ਹੋਵੇ ਅਤੇ ਇਸ ਦੇ ਨਤੀਜੇ ਵਜੋਂ ਬੱਚੇ ਨੂੰ ਹਾਨੀ ਪਹੁੰਚਦੀ ਹੋਵੇ , ਨੂੰ ਦੁਰਵਿਹਾਰ ਕਿਹਾ ਜਾਂਦਾ ਹੈ ।

**ਸਰੀਰਕ ਦੁਰਵਿਹਾਰ:** ਸਰੀਰਕ ਦੁਰਵਿਹਾਰ ਅਜਿਹਾ ਕੰਮ ਹੁੰਦਾ ਹੈ ਜਿਸ ਦੇ ਨਤੀਜੇ ਵਜੋਂ ਬੱਚੇ ਜਾਂ ਯੁਵਕ ਨੂੰ ਹਾਨੀ ਪਹੁੰਚਦੀ ਹੋਵੇ ਜਾਂ ਹਾਨੀ ਪਹੁੰਚ ਸਕਦੀ ਹੋਵੇ। ਇਸ ਵਿੱਚ ਬੱਚੇ ਨੂੰ ਚੁਪੇੜਾਂ ਮਾਰਨੀਆਂ, ਠੁਕੇ ਮਾਰਨੇ, ਕੁੱਟਣਾ, ਹਲੂਣਾ ਦੇਣਾ, ਲੂਹਣਾ, ਦੰਦੀ/ਚੂੰਡੀ ਵੱਢਣੀ ਜਾਂ ਵਗਾਹ ਕੇ ਸੁੱਟਣਾ ਸ਼ਾਮਲ ਹੈ। ਸਰੀਰਕ ਦੁਰਵਿਹਾਰ ਇੱਕ ਜਾਂ ਦੋ ਵਾਰਦਾਤਾਂ ਹੋ ਸਕਦੀਆਂ ਹਨ ਜਾਂ ਲੰਮੇ ਸਮੇਂ ਦੌਰਾਨ ਵਾਪਰੀਆਂ ਹੋ ਸਕਦੀਆਂ ਹਨ।

**ਲਿੰਗੀ ਦੁਰਵਿਹਾਰ:** ਲਿੰਗੀ ਦੁਰਵਿਹਾਰ ਵਾਪਰਦਾ ਕਿਹਾ ਜਾਂਦਾ ਹੈ ਜਦੋਂ ਬੱਚੇ ਨੂੰ ਬਾਲਗ਼ ਜਾਂ ਉਮਰ ਵਿੱਚ ਵੱਡੇ ਬੱਚੇ ਵੱਲੋਂ ਲਿੰਗ ਸੰਤੁਸ਼ਟੀ ਲਈ ਵਰਤਿਆ ਜਾਂਦਾ ਹੈ। ਬੱਚੇ ਨੂੰ ਲਿੰਗੀ ਮੰਤਵ ਨਾਲ ਛੂਹਣਾ; ਬੱਚੇ ਨੂੰ ਦੂਜੇ ਵਿਅਕਤੀ ਨੂੰ ਲਿੰਗੀ ਢੰਗ ਨਾਲ ਛੂਹਣ ਲਈ ਉਤਸਾਹਤ ਕਰਨਾ ਜਾਂ ਦਬਾਅ ਪਾਉਣਾ; ਬੱਚੇ ਨੂੰ ਲਿੰਗੀ ਕੰਮ ਵਿੱਚ ਸ਼ਾਮਲ ਹੋਣ ਲਈ ਉਤਸਾਹਤ ਕਰਨਾ ਜਾਂ ਦਬਾਅ ਪਾਉਣਾ; ਲਿੰਗੀ ਮੰਤਵ ਲਈ ਬੱਚੇ/ਬੱਚੀ ਨੂੰ ਬਾਲਗ਼ ਜਾਂ ਉਮਰ ਵਿੱਚ ਵੱਡੇ ਬੱਚੇ ਵਾਸਤੇ ਆਪਣੇ ਆਪ ਨੂੰ ਛੂਹਣ ਲਈ ਕਹਿਣਾ ਕਨੂੰਨ ਦੇ ਵਿਰੁੱਧ ਹੁੰਦਾ ਹੈ। ਬੱਚਿਆਂ ਦੇ ਲਿੰਗੀ ਦੁਰਵਿਹਾਰ ਦੇ ਕਈ ਰੂਪ ਹੋ ਸਕਦੇ ਹਨ। ਇਸ ਵਿੱਚ ਲਿੰਗੀ ਸੰਭੋਗ, ਬੱਚੇ ਦੇ ਗੁਪਤ ਅੰਗਾਂ ਨੂੰ ਨੰਗਿਆਂ ਕਰਨਾ, ਉਨ੍ਹਾਂ ਨੂੰ ਲਿੰਗੀ ਮੰਤਵ ਨਾਲ ਪਲੋਸਣਾ, ਬੱਚੇ ਨੂੰ ਅਸ਼ਲੀਲ ਤਸਵੀਰਾਂ ਜਾਂ ਵਿਡੀਉ ਵੇਖਣ, ਵੇਸਵਾ ਗਮਨ ਜਾਂ ਲਿੰਗੀ ਦੁਰਵਰਤੋਂ ਦੇ ਦੂਜੇ ਢੰਗਾਂ ਨੂੰ ਵੇਖਣ ਜਾਂ ਕਰਨ ਦੀ ਖੁੱਲ੍ਹ ਦੇਣੀ ਸ਼ਾਮਲ ਹੈ।

**ਭਾਵਕ ਦੁਰਵਿਹਾਰ:** ਵਰਤਾਉ ਦਾ ਅਜਿਹਾ ਸਿਲਸਿਲਾ ਜਿਸ ਨਾਲ ਬੱਚੇ ਦੇ ਭਾਵਕ ਵਿਕਾਸ ਅਤੇ ਆਤਮ ਮਹੱਤਤਾ ਨੂੰ ਠੇਸ ਲੱਗਦੀ ਹੋਵੇ ਇਸ ਨੂੰ ਭਾਵਕ ਦੁਰਵਿਹਾਰ ਕਿਹਾ ਜਾਂਦਾ ਹੈ। ਇਸ ਵਿੱਚ ਬੱਚੇ ਤੋਂ ਅਜਿਹੀਆਂ ਅਧਿਕ ਅਕਰਮਨਸ਼ੀਲ ਜਾਂ ਅਕਾਰਨ ਮੰਗਾਂ ਸ਼ਾਮਲ ਹਨ ਜਿਹੜੀਆਂ ਬੱਚੇ/ਬੱਚੀ ਦੀਆਂ ਉਮੀਦਾਂ ਦੀਆਂ ਸੀਮਾਵਾਂ ਤੋਂ ਬਾਹਰੀਆਂ ਹੋਣ। ਭਾਵਕ ਦੁਰਵਿਹਾਰ ਵਿੱਚ ਬੱਚੇ ਦੀ ਹਰ ਵਕਤ ਨੁਕਤਾਚੀਨੀ ਕਰਨੀ, ਸਤਾਉਣਾ, ਬੇਇਜ਼ਤੀ ਕਰਨੀ, ਨਿਕਾਰਨਾ, ਅਣਡਿੱਠ ਕਰਨਾ, ਜਾਂ ਅਲਹਿਦਾ ਕਰਨਾ ਸ਼ਾਮਲ ਹੁੰਦਾ ਹੈ। ਮਾਪਿਆਂ ਅਤੇ ਸੰਭਾਲ ਪ੍ਰਦਾਨ ਕਰਨ ਵਾਲਿਆਂ ਵੱਲੋਂ ਆਪਣੇ ਬੱਚਿਆਂ ਨੂੰ ਪਿਆਰ, ਭਾਵਕ ਸਮਰਥਣ ਅਤੇ ਅਗਵਾਈ ਦੇਣ ਵਿੱਚ ਅਸਫ਼ਲਤਾ ਵੀ ਸ਼ਾਮਲ ਹੈ।

**ਅਣਗਹਿਲੀ:** ਬੱਚੇ ਦੀਆਂ ਭੋਜਨ, ਕੱਪੜਿਆਂ, ਰਿਹਾਇਸ਼, ਨੀਂਦ, ਡਾਕਟਰੀ ਧਿਆਨ, ਵਿਦਿਆ ਅਤੇ ਹਾਨੀ ਹੋਣ ਤੋਂ ਸੁਰੱਖਿਆ ਸੰਬੰਧਤ ਬੁਨਿਆਦੀ ਲੋੜਾਂ ਪੂਰੀਆਂ ਨਾ ਕਰਨ ਨੂੰ ਅਣਗਹਿਲੀ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਹੋ ਸਕਦਾ ਹੈ ਜਦੋਂ ਮਾਪਿਆਂ ਨੂੰ ਬੱਚਿਆਂ ਦੀ ਉਚਿਤ ਸੰਭਾਲ ਕਰਨ ਦਾ ਪਤਾ ਨਹੀਂ ਹੁੰਦਾ, ਜਦੋਂ ਉਹ ਯੋਗ ਤਰੀਕੇ ਨਾਲ ਉਹ ਬੱਚਿਆਂ ਦੀ ਨਿਗਰਾਨੀ ਨਹੀਂ ਕਰ ਸਕਦੇ ਜਾਂ ਜਦੋਂ ਉਹ ਆਗਾਊ ਯੋਜਨਾ ਬਣਾਉਣ ਤੋਂ ਅਸਮਰੱਥ ਹੁੰਦੇ ਹਨ। ਛੋਟੇ ਬੱਚਿਆਂ ਨੂੰ ਬਿਨਾ ਨਿਗਰਾਨੀ ਤੋਂ ਕਦੇ ਵੀ ਨਹੀਂ ਛੱਡਣਾ ਚਾਹੀਦਾ। ਇਸ ਵਿੱਚ ਸੰਭਾਲ ਅਧੀਨ ਬੱਚੇ ਨੂੰ, ਭਾਵੇਂ ਕਾਰ ਦੇ ਦਰਵਾਜ਼ੇ ਲੌਕ ਕੀਤੇ ਹੋਣ ਅਤੇ ਭਾਵੇਂ ਤੁਸੀਂ ਥੋੜ੍ਹੀ ਦੇਰ ਲਈ ਕਾਰ ਤੋਂ ਬਾਹਰ ਗਏ ਹੋਵੋ, ਕਾਰ ਵਿੱਚ ਇਕੱਲਿਆਂ ਛੱਡਣਾ ਵੀ ਸ਼ਾਮਲ ਹੈ।

**ਵਾਜਬ ਅਨੁਸਾਸ਼ਨ:** ਚਿਲਡਰਨਜ਼ ਏਡ ਸੁਸਾਇਟੀ ਆਫ਼ ਆਟਵਾ **(CASO)** ਸਰੀਰਕ ਸ਼ਜਾ ਦੀ ਵਰਤੋਂ ਦਾ ਸਮਰਥਣ ਨਹੀਂ ਕਰਦੀ। ਖੋਜ ਦੱਸਦੀ ਹੈ ਕਿ ਸਰੀਰਕ ਸ਼ਜਾ ਨਾਲੋਂ ਉਸਾਰੂ ਵਰਤਾਉ ਪ੍ਰਬੰਧ ਰਣਨੀਤੀਆਂ ਵੱਧ ਪ੍ਰਭਾਵਸ਼ਾਲੀ ਹੁੰਦੀਆਂ ਹਨ।

ਇਨ੍ਹਾਂ ਵਿੱਚ ਇਹ ਸ਼ਾਮਲ ਹੁੰਦੀਆਂ ਹਨ:

- ਉਸਾਰੂ ਮਜ਼ਬੂਤੀ;
- ਪ੍ਰਸੰਸਾ
- ਆਦਰਸ਼ ਬਣਨਾ
- ਮੁੜ ਨਿਰਦੇਸ਼ਨ
- ਢਾਂਚਾ ਅਤੇ ਨਿਤ ਨੇਮ
- ਵਾਸਵਿਕ, ਉਮਰ ਦੇ ਅਨੁਸਾਰ ਆਸ਼ਾਵਾਂ ਰੱਖਣੀਆਂ
- ਸ਼ਾਬਦਕ ਅਤੇ ਗ਼ੈਰ-ਸ਼ਾਬਦਕ ਸੰਕੇਤ;
- ਤਰਕਮਈ ਨਤੀਜੇ , ਅਤੇ
- ਸਮੱਸਿਆਵਾਂ ਸੁਲਝਾਉਣੀਆਂ

# ਚਿਲਡਰਨਜ਼ ਏਡ ਸੁਸਾਇਟੀ ਆਫ਼ ਆਟਵਾ (CASO) ਵਿਖੇ ਵਲੰਟੀਅਰ ਦੇ ਤੌਰ ਤੇ ਕੰਮ ਕਰਨਾ?

ਸਾਡੇ ਵਲੰਟੀਅਰ ਸਾਡੇ ਭਾਈਚਾਰੇ ਦੇ ਉਹ ਲੋਕ ਹਨ ਜਿਹੜੇ ਆਪਣਾ ਸਮਾਂ, ਊਰਜਾ ਅਤੇ ਹੁਨਰ ਦਾਨ ਕਰਦੇ ਹਨ। ਉਹ 18 ਸਾਲ ਤੋਂ ਵੱਧ ਉਮਰ ਦੇ ਵਿਅਕਤੀ ਹਨ। ਕਈ ਵਿਦਿਆਰਥੀ, ਕੰਮ ਕਰਦੇ ਅਤੇ ਸੇਵਾ ਮੁਕਤ ਵਿਅਕਤੀ ਹੁੰਦੇ ਹਨ ਅਤੇ ਵੱਖ ਵੱਖ ਸਭਿਆਚਾਰਕ, ਨਸਲੀ, ਅਤੇ ਧਾਰਮਕ ਪਿਛੋਕੜ ਵਾਲੇ ਲੋਕ ਹੁੰਦੇ ਹਨ। ਸਾਡੇ ਵਲੰਟੀਅਰ ਬੱਚਿਆਂ ਅਤੇ ਯੁਵਕਾਂ ਸੰਬੰਧੀ ਜ਼ੁੰਮਵਾਰੀ ਵਾਲੀ ਸੰਭਾਲ ਦੀ ਸਾਂਝ ਰੱਖਦੇ ਹਨ।

**ਵਲੰਟੀਅਰਾਂ ਦੇ ਕੀ ਫ਼ਰਜ਼ ਹੁੰਦੇ ਹਨ?**

ਤੁਸੀਂ ਸੇਵਾਵਾਂ ਦੇ ਵਿਸ਼ਾਲ ਖੇਤਰ ਵਿੱਚ ਯੋਗਦਾਨ ਪਾ ਸਕਦੇ ਹੋ। ਵਲੰਟੀਅਰ ਦੇ ਫ਼ਰਜ਼ਾਂ ਦੀਆਂ ਕੁਝ ਮਿਸਾਲਾਂ ਇਹ ਹਨ:

- ਸੰਭਾਲ ਅਧੀਨ ਬੱਚਿਆਂ ਅਤੇ ਯੁਵਕਾਂ ਲਈ ਅਧਿਆਪਕ
- ਸੰਭਾਲ ਅਧੀਨ ਬੱਚਿਆਂ ਅਤੇ ਯੁਵਕਾਂ ਲਈ ਪ੍ਰਤੀਪਾਲਕ
- ਬੱਚਿਆਂ ਦੇ ਗਰੁੱਪ ਵਿੱਚ ਸ਼ਮੂਲੀਅਤ ਕਰਨ ਵਾਲਾ
- ਅਜਿਹੇ ਪ੍ਰੋਗਰਾਮ ਵਿੱਚ ਸ਼ਮੂਲੀਅਤ ਕਰਨ ਵਾਲਾ ਜਿਸ ਦਾ ਲਾਭ ਬੱਚਿਆਂ ਅਤੇ ਮਾਪਿਆਂ ਦੋਹਾਂ ਨੂੰ ਹੁੰਦਾ ਹੈ
- ਡਰਾਈਵਰ ਜਿਹੜਾ ਇਹ ਯਕੀਨੀ ਬਣਾਉਂਦਾ ਹੈ ਕਿ ਕਿ ਬੱਚੇ ਅਤੇ ਯੁਵਕ ਆਪਣੀ ਐਪੁਆਇੰਟਮੈਂਟਾਂ ਲਈ ਸਮੇਂ ਤੇ ਪਹੁੰਚਣ
- ਦਫ਼ਤਰੀ ਸਹਾਇਤਾ ਜਾਂ ਕਮੇਟੀ ਮੈਂਬਰ

**ਵਲੰਟੀਅਰਾਂ ਤੋਂ ਕਿਸ ਕਿਸਮ ਦੇ ਹੁਨਰ ਅਤੇ ਸਮੇਂ ਸੰਬੰਧੀ ਪ੍ਰਤੀਬੱਧਤਾ ਲੋੜੀਂਦੀ ਹੈ?**

ਵਿਸੇਸ਼ ਹੁਨਰ ਦੀ ਲੋੜ ਨਹੀਂ ਹੁੰਦੀ; ਫ਼ਿਰ ਵੀ, ਅਸੀਂ ਤੁਹਾਡੀਆਂ ਦਿਲਚਸਪੀਆਂ, ਉਪਲਬਧਤਾ ਅਤੇ ਹੁਨਰਾਂ ਨੂੰ ਸਭ ਤੋਂ ਚੰਗੇ ਸੰਭਵ ਵਲੰਟੀਅਰ ਕਰਨ ਦੇ ਮੌਕੇ ਨਾਲ ਮੇਚਦੇ ਹਾਂ। ਵਲੰਟੀਅਰ ਕਰਨ ਦੇ ਮੌਕੇ ਬਾਕਾਇਦਾ ਅਤੇ ਕਦੇ ਕਦੇ ਲੋੜ ਦੇ ਆਧਾਰ 'ਤੇ ਉਪਲਬਧ ਹਨ। ਸੌਂਪੇ ਗਏ ਕੰਮ 'ਤੇ ਨਿਰਭਰ ਕਰਦਿਆਂ ਚਿਲਡਰਨਜ਼ ਏਡ ਸੁਸਾਇਟੀ ਆਫ਼ ਆਟਵਾ **(CASO)** ਲਚਕਦਾਰ ਕਾਰਜ ਸੂਚੀ ਤਿਆਰ ਕਰ ਸਕਦੀ ਹੈ ਜੋ ਤੁਹਾਡੀ ਉਪਲਬਧਤਾ ਨੂੰ ਧਿਆਨ ਵਿੱਚ ਰੱਖੇਗੀ ਅਤੇ ਤੁਹਾਡੀਆਂ ਦੂਜੀਆਂ ਪ੍ਰਤੀਬੱਧਤਾਵਾਂ, ਜੇ ਤੁਹਾਡੀਆਂ ਕੋਈ ਹੋਣ, ਨੂੰ ਧਿਆਨ ਵਿੱਚ ਰੱਖੇਗੀ।

**ਮੈਂ ਵਲੰਟੀਅਰ ਕਿਵੇਂ ਬਣ ਸਕਦਾ ਹਾਂ?** ਜੇ ਤੁਸੀਂ ਵਲੰਟੀਅਰ ਬਣਨ ਵਿੱਚ ਦਿਲਚਸਪੀ ਰੱਖਦੇ ਹੋ ਤਾਂ ਕ੍ਰਿਪਾ ਕਰਕੇ, casott.on.ca 'ਤੇ ਜਾਉ ਅਤੇ ਵਲੰਟੀਅਰ ਇਨਫ਼ਰਮੇਸ਼ਨ ਸੈਸ਼ਨਾਂ ਦੀ ਮੁਕੰਮਲ ਸਮਾ ਸੂਚੀ ਦਾ ਪਤਾ ਕਰਨ ਲਈ ਅਤੇ ਅਰਜ਼ੀ ਦੇਣ ਲਈ "Volunteer" ਟੈਬ 'ਤੇ ਕਲਿੱਕ ਕਰੋ।

ਫਾਸਟਰ ਕੇਅਰ ਕੀ ਹੁੰਦੀ ਹੈ?

# ਫਾਸਟਰ ਕੇਅਰ ਕੀ ਹੁੰਦੀ ਹੈ?

ਅਜਿਹੇ ਲੋਕ, ਜਿੰਨ੍ਹਾਂ ਨੂੰ ਚਿਲਡਰਨਜ਼ ਏਡ ਸੁਸਾਇਟੀ ਫਾਸਟਰ ਮਾਪਿਆਂ ਵਜੋਂ ਜਦੋਂ ਪ੍ਰਵਾਨਗੀ ਦੇ ਦਿੰਦੀ ਹੈ, ਜਿਹੜੇ ਅਜਿਹੇ ਬੱਚਿਆਂ ਤੇ ਯੁਵਕਾਂ, ਜਿੰਨ੍ਹਾਂ ਨੂੰ ਕੁਝ ਦਿਨਾਂ, ਹਫ਼ਤਿਆਂ, ਮਹੀਨਿਆਂ, ਜਾਂ ਸੰਭਾਵੀ ਤੌਰ ਤੇ ਸਾਲਾਂ ਲਈ ਸੰਭਾਲ ਦੀ ਲੋੜ ਹੋਵੇ, ਨੂੰ ਘਰ ਮੁਹੱਈਆ ਕਰਦੇ ਹਨ, ਇਸ ਨੂੰ ਫਾਸਟਰ ਕੇਅਰ ਕਹਿੰਦੇ ਹਨ।

**ਫਾਸਟਰ ਮਾਪੇ ਕੌਣ ਹੁੰਦੇ ਹਨ?**

ਫਾਸਟਰ ਮਾਪੇ ਕਿਸੇ ਵੀ ਜਾਤੀ, ਸਭਿਆਚਾਰਕ, ਨਸਲੀ ਜਾਂ ਧਾਰਮਿਕ ਪਿਛੋਕੜ ਅਤੇ ਕਿਸੇ ਵੀ ਲਿੰਗੀ ਝੁਕਾਅ ਵਾਲੇ ਉਹ ਲੋਕ ਹੁੰਦੇ ਹਨ ਜੋ ਵਿਸ਼ਵਾਸ ਰੱਖਦੇ ਹਨ ਕਿ ਹਰ ਬੱਚਾ ਪਿਆਰ ਅਤੇ ਆਦਰ ਦਾ ਹੱਕਦਾਰ ਹੈ। ਫਾਸਟਰ ਮਾਪੇ ਅਜਿਹੇ ਵਿਅਕਤੀ ਹੁੰਦੇ ਹਨ ਜਿੰਨ੍ਹਾਂ ਦੀ ਉਮਰ 18 ਸਾਲ ਤੋਂ ਵੱਧ ਹੁੰਦੀ ਹੈ ਅਤੇ ਜਿਹੜੇ ਮਾਪੇ ਬਣਨ ਦੀ ਯੋਗਤਾ ਦਾ ਪ੍ਰਦਰਸ਼ਨ ਕਰ ਸਕਦੇ ਹੋਣ। ਉਨ੍ਹਾਂ ਦਾ ਜੀਵਨ ਢੰਗ ਸਥਿਰ ਤੇ ਪਰਵਾਹ ਕਰਨ ਵਾਲਾ ਹੁੰਦਾ ਹੈ ਅਤੇ ਉਹ ਆਪਣੇ ਘਰ ਅੰਦਰ ਬੱਚੇ ਜਾਂ ਯੁਵਕ ਦੀਆਂ ਲੋੜਾਂ ਪੂਰੀਆਂ ਕਰਨ ਲਈ ਜਗ੍ਹਾ ਰੱਖਦੇ ਹਨ।

**ਬੱਚੇ ਅਤੇ ਯੁਵਕ ਸੰਭਾਲ ਅਧੀਨ ਕਿਉਂ ਆਉਂਦੇ ਹਨ?**

- ਬੱਚੇ ਅਤੇ ਯੁਵਕ ਸੰਭਾਲ ਅਧੀਨ ਆਉਂਦੇ ਹਨ ਜਦੋਂ ਉਨ੍ਹਾਂ ਦੀ ਆਪਣੇ ਘਰ ਵਿੱਚ ਸੰਭਾਲ ਨਹੀਂ ਹੋ ਸਕਦੀ। ਇਹ ਮਾਪਿਆਂ ਮੂਹਰੇ ਚਣੌਤੀਆਂ ਦੇ ਨਤੀਜੇ ਵਜੋਂ ਹੋ ਸਕਦਾ ਹੈ, ਉਹ ਚਣੌਤੀਆਂ ਇਹ ਹਨ:
- ਨਾਕਾਫੀ ਸਾਧਨ ਤੇ ਸਮਰਥਣ
- ਮਾਨਸਿਕ ਬੀਮਾਰੀ ਜਿਸ ਦਾ ਇਲਾਜ ਠੀਕ ਨਹੀਂ ਹੋ ਰਿਹਾ
- ਡਾਕਟਰੀ ਬਿਮਾਰੀ ਜਿਹੜੀ ਮਾਪਿਆਂ ਦੀ ਯੋਗਤਾ ਵਿੱਚ ਰੋੜਾ ਬਣਦੀ ਹੋਵੇ

**ਫ਼ਾਸਟਰ ਮਾਪੇ ਕਿਸ ਕਿਸਮ ਦੀ ਮਦਦ ਹਾਸਲ ਕਰਦੇ ਹਨ?**

ਬੱਚੇ ਜਾਂ ਯੁਵਕ ਦੇ ਰਿਹਾਇਸ਼ੀ ਖ਼ਰਚਿਆਂ ਦੀ ਅਦਾਇਗੀ

ਸਿਖਲਾਈ

24 ਘੰਟੇ ਟੈਲੀਫੋਨ ਰਾਹੀਂ ਮਦਦ

ਘਰ ਵਿੱਚ ਹੀ ਮਦਦ

**ਫ਼ਾਸਟਰ ਮਾਪੇ** (Foster parents ) **ਬਣਨ ਵਾਸਤੇ ਮੈਨੂੰ ਕੀ ਲੋੜੀਂਦਾ ਹੈ?**

1. (613) 742-1620 ext. 1 **ਨੂੰ ਫੋਨ ਕਰੋ ਜਾਂ ਸਾਡੀ ਵੈਬਸਾਈਟ** www.winningkids.ca ਜਾਂ www.casott.on.ca ‘ਤੇ ਜਾਉ।
2. ਅਰਜ਼ੀ ਮੁਕੰਮਲ ਕਰੋ।

# ਗੋਦ ਲੈਣ ਤੋਂ ਕੀ ਭਾਵ ਹੈ?

## ਗੋਦ ਲੈਣ ਤੋਂ ਕੀ ਭਾਵ ਹੈ?

ਬੱਚੇ ਜਾਂ ਯੁਵਕ ਨੂੰ ਤੁਹਾਡੇ ਘਰ ਵਿੱਚ ਪੱਕੇ ਤੌਰ ਤੇ ਰੱਖਣ ਨੂੰ ਗੋਦ ਲੈਣਾ ਕਹਿੰਦੇ ਹਨ ਜਿਸ ਅਨੁਸਾਰ ਗੋਦ ਲਿਆ ਬੱਚਾ ਜਾਂ ਯੁਵਕ ਕਨੂੰਨੀ ਤੌਰ ਤੇ ਤੁਹਾਡੇ ਪਰਿਵਾਰ ਦਾ ਮੈਂਬਰ ਬਣ ਜਾਂਦਾ ਹੈ। ਬਹੁਤੇ ਬੱਚਿਆਂ ਜਾਂ ਯੁਵਕਾਂ, ਜਿਹੜੇ ਗੋਦ ਲਏ ਜਾਣ ਲਈ ਉਡੀਕਵਾਨ ਹਨ, ਨੂੰ ਦੁਰਵਿਹਾਰ ਜਾਂ ਅਣਗਹਿਲੀ ਕਾਰਨ ਆਪਣੇ ਘਰਾਂ ਵਿੱਚੋਂ ਕੱਢ ਦਿੱਤਾ ਗਿਆ ਹੁੰਦਾ ਹੈ।

## ਕੌਣ ਗੋਦ ਲੈ ਸਕਦਾ ਹੈ?

- ਅਜਿਹੇ ਲੋਕ, ਜੋ ਬੱਚਿਆਂ ਅਤੇ ਯੁਵਕਾਂ ਪ੍ਰਤੀ ਜੀਵਨ ਭਰ ਲਈ ਪ੍ਰਤੀਬੱਧਤਾ ਲਈ ਸਹਿਮਤ ਹੋਣ
- ਅਜਿਹੇ ਲੋਕ, ਜਿਹੜੇ ਪਤੀ-ਪਤਣੀ, ਅਣਵਿਆਹੇ, ਤਲਾਕਸ਼ੁਦਾ, ਵਿਧਵਾ, ਸਮਲਿੰਗੀ ਪੁਰਸ਼ ਜਾਂ ਇਸਤਰੀ, ਅਤੇ ਜੋ ਘੱਟ ਤੋਂ ਘੱਟ 19 ਸਾਲ ਉਮਰ ਦੇ ਹੋਣ
- ਅਜਿਹੇ ਲੋਕ ਜੋ ਮਾਲੀ ਤੌਰ ਤੇ ਆਪਣੇ ਪਰਿਵਾਰ ਵਿੱਚ ਹੋਰ ਬੱਚੇ ਜਾਂ ਯੁਵਕ ਦੇ ਵਾਧੇ ਦਾ ਭਾਰ ਸਹਿਣ ਕਰ ਸਕਦੇ ਹੋਣ
- ਅਜਿਹੇ ਲੋਕ, ਜਿੰਨ੍ਹਾਂ ਦਾ ਪਿਛੋਕੜ ਅਪਰਾਧੀ ਨਾ ਹੋਵੇ, ਜਿਸ ਕਾਰਨ ਉਨ੍ਹਾਂ ਨੂੰ ਗੋਦ ਲੈਣ ਦੀ ਪਰਵਾਨਗੀ 'ਤੇ ਰੋਕ ਲੱਗ ਜਾਵੇਗੀ

## ਬੱਚੇ ਅਤੇ ਯੁਵਕ ਕੌਣ ਹਨ?

ਚਿਲਡਰਨਜ਼ ਏਡ ਸੁਸਾਇਟੀ ਨੂੰ ਅਜਿਹੇ ਪਰਿਵਾਰਾਂ ਦੀ ਤੁਰੰਤ ਲੋੜ ਹੈ ਜਿਹੜੇ 5 ਸਾਲ ਜਾਂ ਵੱਧ ਉਮਰ ਦੇ ਬੱਚਿਆਂ ਅਤੇ ਯੁਵਕਾਂ ਨੂੰ, ਇੱਕੋ ਮਾਂ-ਪਿਉ ਦੇ  ਬੱਚਿਆਂ ਦੇ ਗਰੁਪ ਨੂੰ; ਅਤੇ ਅਜਿਹੇ ਜਿੰਨ੍ਹਾਂ ਦਾ ਵਿਕਾਸ ਪਛੜਿਆ ਹੋਇਆ ਹੋਵੇ, ਨੂੰ ਗੋਦ ਲੈਣ ਵਿੱਚ ਦਿਲਚਸਪੀ ਰੱਖਦੇ ਹੋਣ।

## ਗੋਦ ਲੈਣ ਦੀ ਪਰਕਿਰਿਆ ਕੀ ਹੁੰਦੀ ਹੈ?

1. ਗੋਦ ਲੈਣ ਸੰਬੰਧੀ ਵਧੇਰੇ ਜਾਣਕਾਰੀ ਹਾਸਲ ਕਰਨ ਵਾਸਤੇ, ਕ੍ਰਿਪਾ ਕਰਕੇ, ਸਾਡੀ ਵੈਬਸਾਈਟ casott.on.ca 'ਤੇ ਜਾਉ
2. ਅਡਾਪਸ਼ਨ  ਇੰਨਟੇਕ ਲਾਈਨ ਨਾਲ 613-742-1620 'ਤੇ ਸੰਪਰਕ ਕਰੋ। ਸਾਡਾ ਇੰਨਟੇਕ ਵਰਕਰ ਪਰਕਿਰਿਆ ਦੀ ਵਧੇਰੇ ਵਿਆਖਿਆ ਦੇਵੇਗਾ ਅਤੇ ਗੋਦ ਲੈਣ ਸੰਬੰਧੀ ਜਾਣਕਾਰੀ ਬੈਠਕ ਲਈ ਸੱਦਾ ਦੇਵੇਗਾ।
3. ਤੁਹਾਡੇ ਵੱਲੋਂ ਗੋਦ ਲੈਣ ਲਈ ਅਰਜ਼ੀ ਮੁਕੰਮਲ ਕਰਨੀ ਪੈਣੀ ਹੈ ਅਤੇ ਜੇ ਅਸੀਂ ਤੁਹਾਡੀ ਅਰਜ਼ੀ 'ਤੇ ਅਗਲੀ ਕਾਰਵਾਈ ਕਰਦੇ ਹਾਂ, ਤਾਂ ਤੁਹਾਡੇ ਘਰ ਦਾ ਅਧਿਐਨ ਕੀਤਾ ਜਾਵੇਗਾ ਅਤੇ ਸਿਖਲਾਈ ਦਿੱਤੀ ਜਾਵੇਗੀ। ਇਸ ਦੀ ਵਧੇਰੇ ਵਿਆਖਿਆ ਸਾਡੀ ਵੈੱਬਸਾਈਟ 'ਤੇ ਦਿੱਤੀ ਹੋਈ ਹੈ।

# ਜਦੋਂ ਮੈਂ ਚਿਲਡਰਨਜ਼ ਏਡ ਸੁਸਾਇਟੀ ਆਫ਼ ਆਟਵਾ (CASO) ਨੂੰ ਫੋਨ ਕਰਦਾ ਹਾਂ ਤਾਂ ਕੀ ਹੁੰਦਾ ਹੈ?

ਜਿਹੜੀ ਜਾਣਕਾਰੀ ਤੁਸੀਂ ਮੁਹੱਈਆ ਕਰਦੇ ਹੋ ਚਿਲਡਰਨਜ਼ ਏਡ ਸੁਸਾਇਟੀ ਆਫ਼ ਆਟਵਾ (CASO) ਉਸ ਨੂੰ ਪੜ੍ਹੇਗੀ ਅਤੇ ਨਿਰਣਾ ਕਰੇਗੀ ਕਿ ਕੀ ਇਸ ਦੀ ਜਾਂਚ-ਪੜਤਾਲ ਕਰਨ ਦੀ ਲੋੜ ਹੈ। ਸੀ ਏ ਐਸ ਓ ਵਰਕਰ ਦੀ ਜ਼ੁੰਮੇਵਾਰੀ ਹੁੰਦੀ ਹੈ ਅਤੇ ਉਸ ਕੋਲ ਕਨੂੰਨੀ ਅਧਿਕਾਰ ਹੁੰਦਾ ਹੈ ਕਿ ਉਹ ਦੋਸ਼ਾਂ ਦੀ ਜਾਂਚ -ਪੜਤਾਲ ਕਰੇ ਅਤੇ ਬੱਚਿਆਂ ਦੀ ਰੱਖਿਆ ਕਰੇ। ਜਾਂਚ-ਪੜਤਾਲ ਅਤੇ ਬੱਚੇ ਦੀ ਸੁਰੱਖਿਆ ਦੇ ਹਿੱਸੇ ਵਜੋਂ ਵਰਕਰ ਪੁਲੀਸ ਅਤੇ ਦੂਜੀਆਂ ਭਾਈਚਾਰਕ ਏਜੰਸੀਆਂ ਨੂੰ ਸ਼ਾਮਲ ਕਰ ਸਕਦਾ ਹੈ।

**ਗੁਪਤ ਕੀ ਹੁੰਦਾ ਹੈ?** ਸੰਬੰਧਤ ਧਿਰ ਸੰਬੰਧੀ ਜਾਣਕਾਰੀ ਗੁਪਤ ਹੁੰਦੀ ਹੈ। ਸੀ ਏ ਐਸ ਓ ਸਿਰਫ਼ ਲਿਖਤੀ ਸਹਿਮਤੀ ਨਾਲ ਹੀ ਗੁਪਤ ਜਾਣਕਾਰੀ ਦੱਸ ਸਕਦੀ ਹੈ। ਜੇ ਕੋਈ ਜਾਣਕਾਰੀ ਬੱਚੇ ਦੀ ਸੁਰੱਖਿਆ ਦੀ ਯੋਜਨਾ ਲਈ ਜ਼ਰੂਰੀ ਹੋਵੇ ਤਾਂ ਅਜਿਹੀ ਜਾਣਕਾਰੀ ਹਾਸਲ ਕਰਨ ਵਾਸਤੇ ਅਸੀਂ ਅਦਾਲਤੀ ਹੁਕਮ ਹਾਸਲ ਕਰ ਸਕਦੇ ਹਾਂ। ਅਜਿਹੀਆਂ ਸਥਿਤੀਆਂ, ਜੋ ਅਦਾਲਤ ਮੂਹਰੇ ਹੋਣ, ਵਿੱਚ ਗੁਪਤ ਜਾਣਕਾਰੀ ਫ਼ੈਮਲੀ ਕੋਰਟ ਜੱਜ ਨੂੰ ਪੇਸ਼ ਕੀਤੀਆਂ ਜਾਂਦੀਆਂ ਹਨ।

**ਰਿਕਾਰਡ ਵਿੱਚ ਕੀ ਕੁਝ ਰੱਖਿਆ ਜਾਂਦਾ ਹੈ?** ਪਰਾਂਤਕ ਸਰਕਾਰ ਅਨੁਸਾਰ ਸੀ ਏ ਐਸ ਓ ਲਈ ਬੱਚਿਆਂ ਅਤੇ ਪਰਿਵਾਰਾਂ ਦੀ ਸ਼ਮੂਲੀਅਤ ਵਾਲੇ ਦਸਤਾਵੇਜ਼ ਰੱਖਣੇ ਲਾਜ਼ਮੀ ਹੁੰਦੇ ਹਨ। ਇਸ ਰਿਕਾਰਡ ਵਿੱਚ ਅਜਿਹੀ ਸਾਰੀ ਜਾਣਕਾਰੀ ਸ਼ਾਮਲ ਹੁੰਦੀ ਹੈ ਜਿਹੜੀ ਬੱਚਿਆਂ ਅਤੇ ਮਾਪਿਆਂ ਨੂੰ ਮੁਹੱਈਆ ਕੀਤੇ ਗਏ ਫੈਸਲਿਆਂ ਅਤੇ ਸੇਵਾਵਾਂ ਨਾਲ ਸੰਬੰਧਤ ਹੁੰਦੀ ਹੈ। ਇਹ ਰਿਕਾਰਡ ਗੁਪਤ ਰੱਖੇ ਜਾਂਦੇ ਹਨ ਅਤੇ ਜਦੋਂ ਤੀਕ ਇਸ ਰਿਕਾਰਡ ਦੀ ਲੋੜ ਅਦਾਲਤੀ ਕਾਰਵਾਈ ਲਈ ਨਾ ਪਵੇ, ਸਿਰਫ਼ ਆਗਿਆ ਦੁਆਰਾ ਹੀ ਜਾਰੀ ਕੀਤੇ ਜਾ ਸਕਦੇ ਹਨ।

**ਬੱਚੇ ਦੀ ਸੁਰੱਖਿਆ ਮਾਮਲਿਆਂ ਵਿੱਚ ਕੀ ਪੁਲੀਸ ਵੀ ਸ਼ਾਮਲ ਹੁੰਦੀ ਹੈ?** ਸਰੀਰਕ. ਲਿੰਗੀ, ਜਾਂ ਅਣਗਹਿਲੀ ਵਾਲੇ ਗੰਭੀਰ ਕੇਸ ਪੁਲੀਸ ਕੋਲ ਭੇਜੇ ਜਾਂਦੇ ਹਨ। ਤੱਥਾਂ ਦੇ ਅਧਾਰ 'ਤੇ ਜੇ ਅਪਰਾਧ ਦੀ ਵਰਦਾਤ ਵਾਪਰੀ ਹੋਵੇ ਤਾਂ ਪੁਲੀਸ ਆਰੋਪ ਲਗਾ ਸਕਦੀ ਹੈ।

**ਕੀ ਬੱਚੇ ਦੀ ਇੰਟਰਵਿਊ ਲਈ ਜਾਂਦੀ ਹੈ?** ਜਦੋਂ ਬੱਚੇ ਜਾਂ ਯੁਵਕ ਦੀ ਸੁਰੱਖਿਆ ਦਾ ਸਰੋਕਾਰ ਚਿਲਡਰਨਜ਼ ਏਡ ਸੁਸਾਇਟੀ ਆਫ਼ ਆਟਵਾ (CASO) ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਤਾਂ ਇੰਟਰਵਿਊ ਕੀਤੀ ਜਾਂਦੀ ਹੈ। ਬਹੁਤੀਆਂ ਹਾਲਤਾਂ ਵਿੱਚ, ਇੰਟਰਵਿਊ ਮਾਪਿਆਂ ਦੀ ਸਹਿਮਤੀ ਨਾਲ ਕੀਤੀ ਜਾਂਦੀ ਹੈ। ਬਹੁਤ ਗੰਭੀਰ ਮਾਮਲਿਆਂ ਵਿੱਚ, ਸੀ ਏ ਐਸ ਓ ਮਾਪਿਆਂ ਦੀ ਸਹਿਮਤੀ ਅਤੇ ਜਾਣਕਾਰੀ ਬਿਨਾਂ ਵੀ ਇੰਟਰਵਿਊ ਕਰ ਸਕਦੀ ਹੈ।

**ਡਾਕਟਰੀ ਪੇਸ਼ੇ ਵੱਲੋਂ ਕਦੋਂ ਦਖ਼ਲ-ਅੰਦਾਜ਼ੀ ਕੀਤੀ ਜਾਂਦੀ ਹੈ?** ਜਦੋਂ ਵੀ ਬੱਚੇ ਨਾਲ ਦੁਰਵਿਹਾਰ ਜਾਂ ਗੰਭੀਰ ਅਣਗਹਿਲੀ ਜਿਸ ਕਾਰਨ ਬੱਚੇ ਜਾਂ ਯੁਵਕ ਨੂੰ ਹਾਨੀ ਪਹੁੰਚੀ ਹੋਵੇ ਜਾਂ ਇਸ ਬਾਰੇ ਸ਼ੱਕ ਹੋਵੇ ਤਾਂ ਡਾਕਟਰੀ ਮੁਆਇਨਾ ਲਾਜ਼ਮੀ ਹੁੰਦਾ ਹੈ। ਅਜਿਹੀਆਂ ਸਥਿਤੀਆਂ ਵਿੱਚ ਪੂਰੀ ਕੋਸ਼ਿਸ਼ ਕੀ ਜਾਂਦੀ ਹੈ ਕਿ ਮੁਆਇਨਾ ਕਰਨ ਲਈ ਮਾਪਿਆਂ ਦੀ ਸਹਿਮਤੀ ਲਈ ਜਾਵੇ। ਜਦੋਂ ਮਾਪੇ ਸਹਿਮਤੀ ਦੇਣ ਲਈ ਉਪਲਬਧ ਨਹੀਂ ਹੁੰਦੇ, ਤਾਂ ਚਾਇਲਡ ਐਂਡ ਫ਼ੈਮਲੀ ਸਰਵਸਿਜ਼ ਐਕਟ ਅਧੀਨ ਆਰਜ਼ੀ ਤੌਰ ਤੇ ਡਾਕਟਰੀ ਮੁਆਇਨਾ ਕਰਨ ਲਈ ਸੀ ਏ ਐਸ ਓ ਕਦੇ ਕਦੇ ਸੰਭਾਲ ਅਤੇ ਨਿਗਰਾਨੀ ਦਾ ਕੰਮ ਆਪਣੇ ਹੱਥ ਲੈ ਲਵੇਗੀ। ਮਾਪਿਆਂ ਦਾ ਪਤਾ ਲਾਉਣ ਅਤੇ ਉਨ੍ਹਾਂ ਨੂੰ ਸ਼ਾਮਲ ਕਰਨ ਲਈ ਪੂਰੀ ਕੋਸਿਸ਼ ਕੀਤੀ ਜਾਵੇਗੀ।

# ਚਿਲਡਰਨ ਏਡ ਫਾਊਂਡੇਸ਼ਨ ਆਫ਼ ਆਟਵਾ

ਚਿਲਡਰਨ ਏਡ ਸੁਸਾਇਟੀ ਆਫ਼ ਆਟਵਾ (CASO) ਦੀ ਸੰਭਾਲ ਅਧੀਨ ਬੱਚਿਆਂ ਅਤੇ ਯੁਵਕਾਂ ਵਾਸਤੇ ਚਿਲਡਰਨ ਏਡ ਫ਼ਾਊਂਡੇਸ਼ਨ ਆਫ਼ ਆਟਵਾ (CAFO) ਫ਼ੰਡ ਇਕੱਠੇ ਕਰਦੀ ਹੈ। ਇਸ ਮੰਤਵ ਨਾਲ ਕਿ ਬੱਚਾ ਵੱਡਾ ਹੋ ਕੇ ਤੰਦਰੁਸਤ ਅਤੇ ਲਾਭਕਾਰੀ ਬਾਲਗ਼ ਬਣੇ, ਬੱਚੇ ਦੀ ਸਰੀਰਕ, ਸਮਾਜਕ, ਮਾਨਸਿਕ ਅਤੇ ਵਿਕਾਸ ਸੰਬੰਧਤ ਭਲਾਈ ਨੂੰ ਬਿਹਤਰ ਬਣਾਉਣ ਵਾਸਤੇ ਸੀ ਏ ਐਫ਼ ਓ  ਵਿਦਿਆ ਅਤੇ ਜੀਵਨ ਸਮਰਿਧੀ ਦੇ ਮੌਕੇ ਮੁਹੱਈਆ ਕਰਦੀ ਹੈ।

ਆਪਣੇ ਭਾਈਚਾਰੇ ਅੰਦਰ ਹਰੇਕ ਬੱਚੇ ਨੂੰ ਸੁਰੱਖਿਅਤ ਰੱਖਣਾ ਸਾਡੇ ਸਾਰਿਆਂ ਦੀ ਜ਼ੁੰਮੇਵਾਰੀ ਹੁੰਦੀ ਹੈ। ਦੁਰਵਿਹਾਰ ਅਤੇ ਅਣਗਹਿਲੀ ਦੇ ਪਰਛਾਵੇਂ ਥੱਲੇ ਵਧਣਾ ਬਹੁਤ ਕਠਿਨ ਹੁੰਦਾ ਹੈ। ਜੇ ਅਸੀਂ ਇਸ ਚੱਕਰ ਨੂੰ ਨਹੀਂ ਤੋੜਦੇ ਤਾਂ ਸਾਡੇ ਭਾਈਚਾਰੇ ਨੂੰ ਮੁਸ਼ਕਿਲ ਝੱਲਣੀ ਪੈਂਦੀ ਹੈ।

## ਸੀ ਏ ਐਫ਼ ਓ (CAFO) ਦੇ ਪ੍ਰੋਗਰਾਮ

**ਡੇਅਰ ਟੂ ਡਰੀਮ ਬਰਸਰੀ ਪ੍ਰੋਗਰਾਮ** - ਭਾਈਚਾਰੇ ਅੰਦਰ ਹੱਕਦਾਰ ਯੁਵਕ ਵੱਲੋਂ ਕਾਲਜ, ਯੂਨਿਵਰਸਿਟੀ, ਜਾਂ ਪੇਸ਼ਾਵਰ ਰੁਜ਼ਗਾਰ ਸਿਖਲਾਈ ਸੈਂਟਰ ਵਿੱਚ ਜਾਣ ਦੇ ਆਪਣੇ ਸੁਫ਼ਣੇ ਪੂਰੇ ਕਰ ਸਕਣ ਦੇ ਰਸਤੇ ਵਿੱਚੋਂ ਮਾਲੀ ਰੁਕਾਵਟਾਂ ਦੂਰ ਕਰਦਾ ਹੈ।

**ਬੱਚਿਆਂ ਲਈ ਕੈਂਪ** - ਬੱਚਿਆਂ ਨੂੰ ਕੈਂਪ ਭੇਜਦਾ ਹੈ ( ਅਕਸਰ ਉਨ੍ਹਾਂ ਦੇ ਜੀਵਨ ਵਿੱਚ ਪਹਿਲੀ ਵਾਰੀ) ਤਾਂਜੋ ਉਨ੍ਹਾਂ ਅੰਦਰ ਅਗਵਾਈ ਅਤੇ ਸਮਾਜਕ ਹੁਨਰ, ਭਰੋਸਾ ਵਿਕਸਤ ਹੋ ਸਕੇ ਅਤੇ ਉਹ ਖੇਡ-ਕੁਦ ਸਕਣ!

**ਕੁੱਕੀ ਜਾਰ ਫ਼ੰਡ** - ਬੱਚਿਆਂ ਅਤੇ ਯੁਵਕਾਂ ਨੂੰ ਖੇਡਾਂ, ਅਤੇ ਮਨੋਰੰਜਕ ਗਤੀ-ਵਿਧੀਆਂ ਵਿੱਚ ਸਰਗਰਮੀ ਨਾਲ ਸ਼ਾਮਲ ਹੋਣ ਲਈ ਸਮਰਥਣ ਦਿੰਦਾ ਹੈ ਅਤੇ ਪਰਿਵਾਰਾਂ ਨੂੰ ਬੁਨਿਆਦੀ ਜ਼ਰੂਰਤਾਂ ਮੁਹਈਆ ਕਰਦਾ ਹੈ।

**ਫੇਅਰ ਸ਼ਾਟ ਪ੍ਰੋਗਰਾਮ** - (ਸੀ ਏ ਐਸ ਓ ਦੀ ਮਦਦ ਨਾਲ ਨਾਤੇਦਾਰੀ ਵਿੱਚ ਅਤੇ ਗੋਦ ਲੈਣ ਵਾਲੇ ਪਰਿਵਾਰਾਂ) ਖੇਡਾਂ ਵਿੱਚ ਸ਼ਾਮਲ ਹੋਣ ਅਤੇ ਸਰਗਰਮ ਹੋਣ ਵਿੱਚ ਉਸ਼ਾਹਤ ਕਰਕੇ ਬੱਚਿਆਂ ਨੂੰ ਸਮਰਥਣ ਦਿੰਦਾ ਹੈ।

**ਟੈਡ ਐਂਡ ਲੋਰੈਟਾ ਰੋਜਰਜ਼ ਫਾਸਟਰ ਕੇਅਰ ਟਰਾਂਜ਼ੀਸ਼ਨ ਪ੍ਰੋਗਰਾਮ**-ਫ਼ਾਸਟਰ ਸੰਭਾਲ ਅਧੀਨ ਆਉਣ ਵਾਲੇ ਬੱਚਿਆਂ ਤੇ ਯੁਵਕਾਂ ਨੂੰ ਅਜਿਹੀਆਂ ਵਸਤਾਂ ਅਤੇ ਸਾਧਨ ਮੁਹੱਈਆ ਕਰਦਾ ਹੈ ਜੋ ਉਨ੍ਹਾਂ ਨੂੰ ਅਤਿ ਅਧਿਕ ਪਰਿਵਰਤਨ ਦੌਰਾਨ ਅਰਾਮ, ਤੰਦਰੁਸਤੀ, ਸੁਰੱਖਿਆ ਅਤੇ ਹਿਫਾਜ਼ਤ ਦੀ ਭਾਵਨਾ ਹਾਸਲ ਕਰਨ ਵਿੱਚ ਮਦਦ ਕਰਦੇ ਹਨ।

**ਸਕੋਸ਼ੀਆ ਕੈਪੀਟਲ ਲੀਪ ਟੂ ਲਰਨਿੰਗ ਪ੍ਰੋਗਰਾਮ** - ਬੱਚਿਆਂ ਦੀ ਹਿਸਾਬ ਅਤੇ ਪੜ੍ਹਣ, ਟਿਊਸ਼ਨ ਦੁਆਰਾ ਸਕੂਲ ਵਿੱਚ ਸਫ਼ਲ ਹੋਣ ਵਿੱਚ ਮਦਦ ਕਰਦਾ ਹੈ।

## ਚਿਲਡਰਨ ਏਡ ਫ਼ਾਊਂਡੇਸ਼ਨ ਆਫ਼ ਆਟਵਾ (CAFO) ਵੱਲੋਂ ਫ਼ੰਡ ਇਕੱਠੇ ਕਰਨ ਲਈ ਸਾਲਾਨਾ ਕਾਰਜ ਕਰਮ

**ਸਲਾਮ!** - **ਵਧੀਆ** ਵਾਈਨ ਅਤੇ ਭੋਜਨ ਤੇ ਵਾਈਨ ਦੇ ਪਾਰਖੂ ਨਾਲ ਸਜੀ ਸ਼ਾਮ ਜਿਸ ਵਿੱਚ ਨਵੇਂ ਸੁਆਦ ਚੱਖਣ, ਵਾਈਨ ਦੇ ਉਤਸ਼ਾਹੀ ਵਿਅਕਤੀਆਂ ਨਾਲ ਮਿਲਣ ਦਾ ਲਾਸਾਨੀ ਮੌਕਾ ਮਿਲਦਾ ਹੈ।

**ਐਨੂਅਲ਼ ਚੈਰਿਟੀ ਗਾਲਫ਼ ਟੂਰਨਾਮੈਂਟ** - ਵਪਾਰੀ ਭਾਈਚਾਰੇ ਨੂੰ ਬੱਚਿਆਂ **ਲਈ**  ਦੋਸਤਾਨਾ ਗਾਲਫ਼ ਖੇਡਣ ਅਤੇ ਇੱਕ ਦੂਜੇ ਨਾਲ ਜੁੜਨ ਦਾ ਮੌਕਾ ਮੁਹੱਈਆ ਕਰਦਾ ਹੈ।

**ਵਰਲਡ ਟਰਿਵੀਆ ਨਾਈਟ** - ਉੱਤਰੀ ਅਮਰੀਕਾ ਵਿੱਚ ਸਭ ਤੋਂ ਵੱਡਾ ਲਾਈਵ ਟਰਿਵੀਆ ਮੁਕਾਬਲਾ ਜਿਸ ਵਿੱਚ 2000 ਤੀਕ ਟਰਿਵੀਆ ਉਤਸ਼ਾਹੀ ਮਹਿਮਾਨ ਹਿੱਸਾ ਲੈਂਦੇ ਹਨ। ਪ੍ਰਣ ਕਰਨ ਦੇ ਇਸ ਮੌਕੇ ਦੌਰਾਨ ਨਕਦ ਤੇ ਇਨਾਮਾਂ ਲਈ ਟਕਰਾਉਂਦੀਆਂ ਟੀਮਾਂ ਫ਼ੰਡ ਇਕੱਠੇ ਕਰਦੀਆਂ ਹਨ।

“ ਮੇਰੀ ਇੱਛਾ ਹੈ ਕਿ ਮੈਂ ਵਿਆਖਿਆ ਦੇ ਸਕਾਂ ਕਿ ਆਪਣੇ ਸੁਫ਼ਣਿਆਂ ਪ੍ਰਤੀ ਤੁਹਾਡੀ ਮਦਦ ਹਾਸਲ ਕਰਕੇ ਮੈਨੂੰ ਕਿੰਨਾ ਵਧੀਆ ਲੱਗਦਾ ਹੈ। ਡੇਅਰ ਟੂ ਡਰੀਮ ਬਰਸਰੀ ਪ੍ਰੋਗਰਾਮ ਦੇ ਪ੍ਰਾਪਤ ਕਰਤਾ ਵਜੋਂ ਇਸ ਨੇ ਮੇਰਾ ਜੀਵਨ ਬਦਲ ਕੇ ਬਹਿਤਰ ਬਣਾ ਦਿੱਤਾ ਹੈ। ਹੁਣ ਤੋਂ ਲੈ ਕੇ ਮੈਂ ਸਿਰਫ਼ ਅੱਗੇ ਵਧਣ ਦੀ ਯੋਜਨਾ ਬਣਾਈ ਹੈ। ”

*-18 ਸਾਲ ਦੇ ਬੱਚੇ ਦਾ ਸੁਫ਼ਣਾ*

**ਬੱਚੇ ਦੇ ਜੀਵਨ ਵਿੱਚ ਪ੍ਰੀਵਰਤਣ ਲਿਆਉ**

**ਅੱਜ ਹੀ ਦਾਨੀ ਬਣੋ!**

www.cafott.ca | 613-745-1893 | @CAFOttawa